# ਓਮ ਪ੍ਰਕਾਸ਼ ਬਾਂਸਲ ਸਕੂਲ ਨੇ ਬੀਐਸਈ ਕਲੱਸਟਰ ਫੁੱਟਬਾਲ ਟੂਰਨਾਮੈਂਟ 'ਚ ਮਾਰੀਆਂ ਮੱਲ੍ਹਾਂ





ਮੰਡੀ ਗੋਬਿੰਦਗੜ੍ਹ , 14 ਅਗਸਤ (ਗਿਨੀ ਸੂਦ)-ਸੀਬੀਐਸਈ ਕਲੱਸਟਰ-18 ਫੁੱਟਬਾਲ ਟੂਰਨਾਮੈਂਟ (ਲੜਕੇ) 2025-26 ਦਾ ਖੇਡ ਵਿਭਾਗ ਦੀ ਅਗਵਾਈ ਅਤੇ ਬੀਬੀਐਫਐੱਸ (ਭਾਈਚੁੰਗ ਭੂਟੀਆ ਫੁੱਟਬਾਲ ਸਕੂਲ) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਟੀਮ ਭਾਵਨਾ, ਅਨੁਸ਼ਾਸਨ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਇਕ ਪਲੇਟਫਾਰਮ ਦੇਣਾ ਸੀ। ਇਸ ਟੂਰਨਾਮੈਂਟ ਵਿੱਚ ਪੰਜਾਬ, ਹਰਿਆਣਾ ਅਤੇ ਜੰਮੂ ਦੀਆਂ 71 ਟੀਮਾਂ ਦੇ 1041 ਖਿਡਾਰੀਆਂ ਨੇ ਅੰਡਰ-14, ਅੰਡਰ-17 ਅਤੇ ਅੰਡਰ-19 ਉਮਰ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਦੌਰਾਨ ਅੰਡਰ-19 ਲੜਕਿਆਂ ਵਿਚ ਸਕਾਲਰ ਪਬਲਿਕ ਹਾਈ ਸਕੂਲ, ਬੰਗਾ ਨੇ ਪਹਿਲਾ, ਕੈਂਬਰਿਜ ਇੰਟਰਨੈਸ਼ਨਲ ਸਕੂਲ, ਨਵਾਂਸ਼ਹਿਰ ਨੇ ਦੂਜਾ ਅਤੇ ਸੇਮਰੌਕ ਕ੍ਰਿਸ਼ਚੀਅਨ ਸਕੂਲ ਲੁਧਿਆਣਾ ਅਤੇ ਐੱਸ. ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ, ਜਲੰਧਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਅੰਡਰ-17 ਲੜਕਿਆਂ ਵਿਚ ਹੇਰੀਟੇਜ ਸਕੂਲ, ਜੰਮੂ ਨੇ ਪਹਿਲਾ, ਦੋਆਬਾ ਪਬਲਿਕ ਸਕੂਲ, ਮਾਹਿਲਪੁਰ ਨੇ ਦੂਜਾ ਅਤੇ ਜੇਕੇ ਪਬਲਿਕ ਸਕੂਲ, ਕੁੰਜਵਾਨੀ (ਜੰਮੂ) ਅਤੇ ਆਰਐਮ ਪਬਲਿਕ ਸਕੂਲ, ਜੰਮੂ (ਸੰਯੁਕਤ) ਨੇ ਤੀਜਾ ਸਥਾਨ ਲਿਆ ਜਦੋਂ ਕਿ ਅੰਡਰ-14 ਵਿਚ ਸੈਨਿਕ ਸਕੂਲ ਕਪੂਰਥਲਾ ਨੇ ਪਹਿਲਾ, ਕਿੰਗ ਐਡਵਰਡ ਪਬਲਿਕ ਸਕੂਲ ਮਾਹਿਲਪੁਰ ਨੇ ਦੂਜਾ ਅਤੇ ਆਰਮੀ ਪਬਲਿਕ ਸਕੂਲ, ਅਖਨੂਰ (ਜੰਮੂ) ਅਤੇ ਸਕਾਲਰ ਪਬਲਿਕ ਹਾਈ ਸਕੂਲ, ਬੰਗਾ (ਸੰਯੁਕਤ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮਾਪਤੀ ਸਮਾਰੋਹ ਵਿੱਚ ਜੇਤੂਆਂ ਨੂੰ ਮੈਡਲ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਭਾਗੀਦਾਰਾਂ, ਕੋਚਾਂ, ਰੈਫਰੀ ਅਤੇ ਪ੍ਰਬੰਧਕ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਜੀਵਨ ਵਿਚ ਸਕਾਰਾਤਮਕ ਰਵੱਈਆ, ਵਿਸ਼ਵਾਸ ਅਤੇ ਲਗਨ ਦਾ ਵਿਕਾਸ ਕਰਦੀਆਂ ਹਨ।

# ਓਮ ਪ੍ਰਕਾਸ਼ ਬਾਂਸਲ ਸਕੂਲ ਨੇ ਬੀ.ਐੱਸ.ਈ. ਕਲੱਸਟਰ ਫੁੱਟਬਾਲ ਟੂਰਨਾਮੈਂਟ 'ਚ ਮਾਰੀਆਂ ਮੱਲਾਂ



ਮੰਡੀ ਗੋਬਿੰਦਗੜ੍ਹ, 13 ਅਗਸਤ (ਸੂਦ): ਸੀਬੀਐਸਈ ਕਲੱਸਟਰ-18 ਫੁੱਟਬਾਲ ਟੂਰਨਾਮੈਂਟ (ਲੜਕੇ) 2025-26 ਦਾ ਖੇਡ ਵਿਭਾਗ ਦੀ ਅਗਵਾਈ ਤੇ ਬੀਬੀਐਫਐਸ (ਭਾਈਚੁੰਗ ਭੂਟੀਆ ਫੁੱਟਬਾਲ ਸਕੂਲ) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਟੀਮ ਭਾਵਨਾ, ਅਨੁਸ਼ਾਸਨ ਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨਾ ਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਇੱਕ ਪਲੇਟਫਾਰਮ ਦੇਣਾ ਸੀ। ਇਸ ਟੂਰਨਾਮੈਂਟ ਵਿੱਚ ਪੰਜਾਬ, ਹਰਿਆਣਾ ਤੇ ਜੰਮੂ ਦੀਆਂ 71 ਟੀਮਾਂ ਦੇ 1041 ਖਿਡਾਰੀਆਂ ਨੇ ਅੰਡਰ-14, ਅੰਡਰ-17 ਤੇ ਅੰਡਰ-19 ਉਮਰ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਦੌਰਾਨ ਅੰਡਰ-19 ਲੜਕਿਆਂ ਵਿਚ ਸਕਾਲਰ ਪਬਲਿਕ ਹਾਈ ਸਕੂਲ, ਬੰਗਾ ਨੇ ਪਹਿਲਾ, ਕੈਂਬਰਿਜ ਇੰਟਰਨੈਸ਼ਨਲ ਸਕੂਲ, ਨਵਾਂਸ਼ਹਿਰ ਨੇ ਦੂਜਾ ਤੇ ਸ਼ੈਮਰੌਕ ਕ੍ਰਿਸ਼ਚੀਅਨ ਸਕੂਲ ਲੁਧਿਆਣਾ ਤੇ ਐੱਸ. ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ, ਜਲੰਧਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਅੰਡਰ-17 ਲੜਕਿਆਂ ਵਿਚ ਹੈਰੀਟੇਜ ਸਕੂਲ, ਜੰਮੂ ਨੇ ਪਹਿਲਾ, ਦੋਆਬਾ ਪਬਲਿਕ ਸਕੂਲ, ਮਾਹਿਲਪੁਰ ਨੇ ਦੂਜਾ ਤੇ ਜੇਕੇ ਪਬਲਿਕ ਸਕੂਲ, ਕੁੰਜਵਾਨੀ (ਜੰਮੂ) ਤੇ ਆਰਐਮ ਪਬਲਿਕ ਸਕੂਲ, ਜੰਮੂ (ਸੰਯੁਕਤ) ਨੇ ਤੀਜਾ ਸਥਾਨ ਲਿਆ, ਜਦੋਂ ਕਿ ਅੰਡਰ-14 ਵਿਚ ਸੈਨਿਕ ਸਕੂਲ ਕਪੂਰਥਲਾ ਨੇ ਪਹਿਲਾ, ਕਿੰਗ ਐਡਵਰਡ ਪਬਲਿਕ ਸਕੂਲ ਮਾਹਿਲਪੁਰ ਨੇ ਦੂਜਾ ਤੇ ਆਰਮੀ ਪਬਲਿਕ ਸਕੂਲ, ਅਖਨੂਰ (ਜੰਮੂ) ਤੇ ਸਕਾਲਰ ਪਬਲਿਕ ਹਾਈ ਸਕੂਲ, ਬੰਗਾ (ਸੰਯੁਕਤ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮਾਪਤੀ ਸਮਾਰੋਹ ਵਿੱਚ ਜੇਤੂਆਂ ਨੂੰ ਮੈਡਲ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਭਾਗੀਦਾਰਾਂ, ਕੋਚਾਂ, ਰੈਫਰੀ ਤੇ ਪ੍ਰਬੰਧਕ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਜੀਵਨ ਵਿੱਚ ਸਕਾਰਾਤਮਕ ਰਵੱਈਆ, ਵਿਸ਼ਵਾਸ ਤੇ ਲਗਨ ਦਾ ਵਿਕਾਸ ਕਰਦੀਆਂ ਹਨ।